**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।**
**ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ),
ਪੰਜਾਬ।

ਮੀਮੋ ਨੰ: ਡੀ.ਜੀ.ਐਸ.ਈ/ਆਰ.ਟੀ.ਈ./2012/
ਮਿਤੀ , ਚੰਡੀਗੜ੍ਹ

**ਵਿਸ਼ਾ:-ਸਕੂਲ ਮਨੇਜਮੈਂਟ ਕਮੇਟੀਆਂ ਦੇ ਕੰਮ-ਕਾਰ ਅਤੇ ਮਹੀਨਾਵਾਰ ਮੀਟਿੰਗਾਂ ਦੀਆਂ ਹਦਾਇਤਾਂ ਬਾਰੇ।**

**ਹਵਾਲਾ:-ਡੀ.ਜੀ.ਐਸ.ਈ/ਆਰ.ਟੀ.ਈ/2011/94166, ਮਿਤੀ 13-12-2011.**

ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਆਪ ਦਾ ਧਿਆਨ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਨੂੰ ਸਕੂਲ ਮਨੇਜਮੈਂਟ ਕਮੇਟੀਆਂ ਦੀ ਬਣਤਰ ਬਾਰੇ ਦਿਸ਼ਾ-ਨਿਰਦੇਸ਼ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਪੰਜਾਬ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ ਨਿਯਮ 2011 ਦੇ ਨਿਯਮ 13 ਅਨੁਸਾਰ ਗੈਰ-ਸਹਾਇਤਾ ਸਕੂਲ ਤੋ ਬਿਨ੍ਹਾਂ ਹੋਰ ਸਕੂਲਾਂ ਲਈ ਸਕੂਲ ਮਨੇਜਮੈਂਟ ਕਮੇਟੀਆਂ ਦਾ ਗਠਨ ਲਾਜਮੀ ਸੀ। ਹੁਣ ਲਗਪਗ ਸਾਰੇ ਸਕੂਲਾਂ ਵਿੱਚ ਸਕੂਲ ਮਨੇਜਮੈਟ ਕਮੇਟੀਆਂ ਬਣ ਚੁੱਕੀਆਂ ਹਨ। ਪੰਜਾਬ ਸਰਕਾਰ ਵਲੋਂ ਬਣਾਏ ਗਏ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਅਧਿਕਾਰ ਨਿਯਮ, 2011 ਦੇ ਨਿਯਮ 13 ਦੇ ਸਬ ਨਿਯਮ 6 ਤੋ 9 ਅਨੁਸਾਰ ਸਕੂਲ ਮਨੇਜਮੈਟ ਕਮੇਟੀਆਂ ਹੇਠ ਲਿਖੇ ਕਰਤੱਵਾਂ ਨੂੰ ਨਿਭਾਉਣਗੀਆਂ:-

(6) ਸਕੂਲ ਮਨੇਜਮੈਂਟ ਕਮੇਟੀ ਦੀ ਮੀਟਿੰਗ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਜਰੂਰ ਹੋਵੇਗੀ ਅਤੇ ਇਸ ਦੀ ਕਾਰਵਾਈ ਰਿਪੋਰਟ ਅਤੇ ਕਮੇਟੀ ਦੁਆਰਾ ਲਏ ਗਏ ਫੈਸਲੇ ਬਕਾਇਦਾ ਰਿਕਾਰਡ ਕੀਤੇ ਜਾਣ ਅਤੇ ਇਹ ਆਮ ਲੋਕਾਂ ਨੂੰ ਉਪਲੱਬਧ ਹੋਣ।

(7) ਸਕੂਲ ਮੈਨੇਜਮੈਂਟ ਕਮੇਟੀ ਧਾਰਾ 21 ਦੀ ਉਪ ਧਾਰਾ (2) ਦੀ ਕਲਾਜ (ੳ) ਤੋਂ (ੲ) ਵਿੱਚ ਦਰਸਾਏ ਕਾਰਜਾਂ ਤੋਂ ਇਲਾਵਾ ਹੇਠ ਲਿਖੇ ਕਾਰਜ ਵੀ ਨਿਭਾਏਗੀ, ਜਿਨ੍ਹਾਂ ਲਈ ਉਹ ਆਪਣੇ ਮੈਂਬਰਾਂ ਵਿਚੋ ਛੋਟੇ-ਛੋਟੇ ਕਾਰਜਕਾਰੀ ਗਰੁੱਪ ਬਣਾ ਸਕੇਗੀ, ਅਰਥਾਤ:-

(ੳ) ਬੱਚਿਆਂ ਨੂੰ ਸਿੱਖਿਆ ਦੇਣ ਸਬੰਧੀ ਸਕੂਲ ਦੇ ਗੁਆਂਢ ਦੇ ਵਸਨੀਕਾਂ ਨੂੰ ਸਰਲ ਅਤੇ ਸੁਚਾਰੂ ਢੰਗਾਂ ਨਾਲ ਇਸ ਐਕਟ ਵਿਚ ਦਰਸਾਏ ਬੱਚਿਆਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦੇਣਾ ਅਤੇ ਰਾਜ ਸਰਕਾਰ, ਸਥਾਨਿਕ ਅਥਾਰਟੀ, ਸਕੂਲ, ਮਾਪੇ ਤੇ ਸਰਪ੍ਰਸਤ ਦੇ ਫਰਜਾਂ ਤੋਂ ਜਾਣੂ ਕਰਾਉਣਾ;

(ਅ) ਧਾਰਾ 24 ਉਪ ਧਾਰਾ (1) ਦੀ ਕਲਾਜ (ੳ) ਤੋਂ (ਹ) ਅਤੇ ਧਾਰਾ 28 ਨੂੰ ਲਾਗੂ ਕਰਨਾ ਸ਼ੁਨਿਸ਼ਚਿਤ ਕਰਨਾ;

(ੲ) ਜਿੱਥੋਂ ਤੱਕ ਸੰਭਵ ਹੋ ਸਕੇ ਇਹ ਸ਼ੁਨਿਸ਼ਚਿਤ ਕਰਨਾ ਕਿ ਧਾਰਾ 27 ਅਧੀਨ ਦਰਸਾਏ ਗਏ ਕੰਮਾਂ ਤੋਂ ਇਲਾਵਾ ਅਧਿਆਪਕਾਂ ਉਪਰ ਗੈਰ ਵਿੱਦਿਅਕ ਕੰਮਾਂ ਦਾ ਬੋਝ ਤਾਂ ਨਹੀ ਪਾਇਆ ਜਾ ਰਿਹਾ;

(ਸ) ਸਕੂਲ ਵਿੱਚ ਗੁਆਂਢ ਦੇ ਸਾਰੇ ਬੱਚਿਆ ਦਾ ਦਾਖਲਾ ਅਤੇ ਉਨ੍ਹਾਂ ਦੀ ਲਗਾਤਾਰ ਹਾਜਰੀ ਸ਼ੁਨਿਸ਼ਚਿਤ ਕਰਨਾ;

(ਹ) ਅਨਸੂਚੀ ਵਿੱਚ ਦਰਸਾਏ ਅਨੁਸਾਰ ਨਾਰਮਜ ਅਤੇ ਸਟੈਂਡਰਡ ਦੀ ਬਰਕਰਾਰੀ ਸ਼ੁਨਿਸ਼ਚਿਤ ਕਰਨਾ;

(ਕ) ਸਥਾਨਿਕ ਅਥਾਰਟੀ ਦੇ ਧਿਆਨ ਵਿੱਚ ਇਹ ਲਿਆਉਣਾ ਕਿ ਕੀ ਧਾਰਾ 3 ਦੀ ਉਪਧਾਰਾਂ (2) ਅਨੁਸਾਰ ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ, ਖਾਸ ਤੌਰ ਤੇ ਮਾਨਸਿਕ ਅਤੇ ਸਰੀਰਕ ਸੋਸ਼ਣ, ਦਾਖਲੇ ਤੋਂ ਇਨਕਾਰ ਅਤੇ ਸਮੇਂ ਸਿਰ ਮਿਲਣ ਯੋਗ ਮੁਫਤ ਸਹੂਲਤਾਂ ਤੋਂ ਕਿਸੇ ਨੂੰ ਕਿਸੇ ਤਰ੍ਹਾਂ ਵੀ ਵਾਝਾਂ ਤਾਂ ਨਹੀ ਰੱਖਿਆ ਜਾ ਰਿਹਾ;

(ਖ) ਲੋੜਾਂ ਦਾ ਪਤਾ ਲਗਾਉਣਾ, ਯੋਜਨਾ ਤਿਆਰ ਕਰਨਾ ਅਤੇ ਧਾਰਾ 4 ਦੀਆਂ ਧਾਰਾਵਾਂ ਨੂੰ ਲਾਗੂ ਕਰਨਾ ਸੁਨਿਸਚਿਤ ਕਰਨਾ;

(ਗ) ਅਪੰਗ ਵਿਦਿਆਰਥੀਆਂ ਦੀ ਸ਼ਨਾਖਤ ਅਤੇ ਉਹਨਾਂ ਦਾ ਸਿੱਖਿਆ ਸਹੂਲਤਾਂ ਦੇਣ ਲਈ ਸਕੂਲਾਂ ਵਿੱਚ ਦਾਖਲਾ ਮੋਨੀਟਰ ਕਰਨਾ ਅਤੇ ਮੁੱਢਲੀ ਸਿੱਖਿਆ ਮੁਕੰਮਲ ਕਰਨ ਵਿੱਚ ਉਹਨਾਂ ਦੀ ਸ਼ਮੂਲੀਅਤ ਨੂੰ ਸੁਨਿਸਚਿਤ ਕਰਨਾ;

(ਘ) ਸਕੂਲ ਵਿੱਚ ਮਿਡ-ਡੇ-ਮੀਲ ਸੇਵਾ ਯੋਜਨਾ ਤਿਆਰ ਕਰਨਾ ਅਤੇ ਉਸ ਦੀ ਮੋਨੀਟਰਿੰਗ ਕਰਨਾ;

(ਙ) ਸਕੂਲ ਦੇ ਸਲਾਨਾ ਖਰਚਿਆਂ ਅਤੇ ਆਮਦਨ ਦਾ ਲੇਖਾ ਤਿਆਰ ਕਰਨਾ; ਅਤੇ

(ਚ) ਇਹ ਵੇਖਣਾ ਕਿ ਸਕੂਲ ਵਿੱਚ ਵਿਦਿਆਰਥੀਆ ਨੂੰ ਦਿੱਤੀ ਜਾ ਰਹੀ ਸਿੱਖਿਆ ਨੂੰ ਮਿਆਰੀ ਬਣਾਉਣ ਲਈ ਅਧਿਆਪਕਾਂ ਵੱਲੋਂ ਸਾਰੇ ਕਦਮ ਉਠਾਏ ਜਾ ਰਹੇ ਹਨ।

(8) ਐਕਟ ਅਧੀਨ ਆਪਣੇ ਕਾਰਜਾਂ ਦੀ ਪੂਰਤੀ ਲਈ ਸਕੂਲ ਮੈਨੇਜਮੈਂਟ ਕਮੇਟੀ ਨੂੰ ਜੋ ਵੀ ਰਾਸ਼ੀ ਪ੍ਰਾਪਤ ਹੁੰਦੀ ਹੈ, ਉਹ ਇਕ ਵੱਖਰੇ ਖਾਤੇ ਵਿੱਚ ਰੱਖੀ ਜਾਵੇਗੀ ਜਿਸ ਦਾ ਹਰ ਸਾਲ ਆਡਿਟ ਕੀਤਾ ਜਾਵੇਗਾ।

(9) ਉਪ ਨਿਯਮ (7) ਦੀ ਕਲਾਜ (ਙ) ਅਤੇ ਉਪ ਨਿਯਮ (8) ਵਿੱਚ ਦਰਸਾਏ ਗਏ ਲੇਖਿਆਂ ਉਪਰ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਪਰਸਨ, ਵਾਇਸ ਚੇਅਰਪਰਸਨ ਅਤੇ ਕਨਵੀਨਰ ਵੱਲੋਂ ਹਸਤਾਖਰ ਕੀਤੇ ਜਾਣਗੇ ਅਤੇ ਇਹ ਲੇਖੇ ਤਿਆਰ ਹੋਣ ਦੇ ਇਕ ਮਹੀਨੇ ਦੇ ਅੰਦਰ-ਅੰਦਰ ਸਰਕਾਰ ਜਾਂ ਸਥਾਨਿਕ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਨੂੰ ਉਪਲੱਬਧ ਕਰਵਾਏ ਜਾਣਗੇ ।

ਉਪਰੋਕਤ ਅਨੁਸਾਰ ਐਕਟ ਅਤੇ ਨਿਯਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

— ਸਹੀ —

ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਸ.ਰ. ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ ਚੰਡੀਗੜ੍ਹ।

ਪਿੱਠਅੰਕਣ ਨੰ:ਡੀ.ਜੀ.ਐਸ.ਈ./ਆਰ.ਟੀ.ਈ./2011/000074 ਮਿਤੀ/ 02.01.2013

ਉਪਰੋਕਤ ਦਾ ਇੱਕ ਉਤਾਰਾ ਵਿਭਾਗ ਦੀ ਵੈਬੱਸਾਈਟ ਰਾਹੀ ਸਮੂਹ ਐਸ.ਐਮ.ਸੀਜ਼ ਦੇ ਚੇਅਰਮੈਨ, ਉੱਪ ਚੇਅਰਮੈਨ ਅਤੇ ਸਮੂਹ ਮੈਂਬਰਾਂ ਅਤੇ ਐਸ.ਐਮ.ਸੀ ਦੇ ਕਨਵੀਨਰ ਨੂੰ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਸ.ਰ. ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ